ਤੀਰ ਦੇ ਨਿਸ਼ਾਨ ਵਾਲੇ ਲਿੰਕ ਤੇ ਕਲਿੱਕ ਕਰਕੇ ਸਿੱਖ ਸਪੋਕਸਮੈਨ ਦਾ ਨਵਾ ਅੰਕ ਪੜ੍ਹੋ ਜੀ

ਸਿੱਖ ਸਪੋਕਸਮੈਨ

ਸਿੱਖਾਂ ਜਗਤ ਦੀ ਸਹੀ ਸੋਚ ਅਤੇ ਜਾਣਕਾਰੀ ਲਈ

ਹੋਮ | ਸੰਪਾਦਕੀ ਲੇਖ | ਵਿਸ਼ੇਸ਼ ਲੇਖ | ਪਿਛਲੇ ਵੀਕਲੀ ਅੰਕ | ਪਿਛਲੇ ਰੋਜ਼ਾਨਾ ਅੰਕ | ਵੀਡੀਓ ਲਾਇਬ੍ਰੇਰੀ

ਸਾਡੇ ਬਾਰੇ
ਸੰਪਰਕ ਕਰੋ

ਸਿੱਖ ਸਪੋਕਸਮੈਨ ਤਾਜ਼ਾ ਅੰਕ

The Sikh Spokesman Newspaper - December 13-19, 2013 B-8

ਸਿੱਖ ਕੌਮ ਨੇ ਆਪਣੀ ਮੰਜਲ ਵੱਲ ਵਧਣਾ ਹੈ, ਗੁਰੂ ਗ੍ਰੰਥ ਸਾਹਿਬ ਜੀ ਤੋਂ ਸੇਧ ਲੈ ਕੇ 'ਜਥੇਦਾਰ' ਰੂਪੀ ਰੋੜੇ ਨੂੰ ਰਸਤੇ ਵਿਚੋਂ ਹਟਾਉਣਾ ਪਵੇਗਾ

ਹਰਲਾਲ ਸਿੰਘ
ਬਹਾਦਰਪੁਰ
94170-23911

ਜਿਹੋ ਜਿਹੀ ਹਾਲਤ ਅੱਜ ਸਿੱਖ ਕੌਮ ਦੀ ਹੈ, ਇਹੋ ਜਿਹੀ ਹਾਲਤ ਤਾਂ ਰੱਬ ਕਿਸੇ ਦੀ ਵੀ ਨਾ ਕਰੇ । ਅਜਿਹੀ ਹਾਲਤ ਸਿੱਖ ਕੌਮ ਦੀ ਕਿਸ ਦੁਸ਼ਮਣ ਨੇ ਕਰ ਦਿੱਤੀ? ਕੀ ਕੋਈ ਦੁਸ਼ਮਣ ਸਿੱਖ ਕੌਮ ਦੀ ਅਜਿਹੀ ਹਾਲਤ ਕਰ ਸਕਦਾ ਸੀ? ਨਹੀਂ । ਕਿਉਂਕਿ ਸਿੱਖ ਕੌਮ ਤਾਂ ਪੈਦਾ ਹੀ ਦੁਸ਼ਮਣਾਂ ਦੇ ਵਿਚ ਹੋਈ ਹੈ। ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਹੋਈ, ਸਿੱਖ ਕੌਮ ਵਿੱਚ ਕੋਈ ਨਿਰਾਸ਼ਾ ਨਹੀਂ ਆਈ ਸਗੋਂ ਚੜ੍ਹਦੀਕਲਾ ਵੱਲ ਗਈ। ਫਿਰ ਗੁਰੂ ਤੇਗ ਬਹਾਦਰ ਜੀ ਅਤੇ ਸਿੱਖਾਂ ਦੀ ਸ਼ਹੀਦੀ ਦਿੱਲੀ ਦੇ ਚਾਂਦਨੀ ਚੌਕ ਵਿੱਚ ਹੋਈ। ਸਿੱਖ ਕੌਮ ਫਿਰ ਨਿਰਾਸ਼ ਹੋਣ ਦੀ ਥਾਂ ਚੜ੍ਹਦੀਕਲਾ ਵਿੱਚ ਗਈ। ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵਿਚ ਸਿੰਘਾਂ ਦੀਆਂ, ਸਾਹਿਬਜਾਦਿਆਂ ਦੀਆਂ ਸ਼ਹੀਦੀਆਂ ਹੋਈਆਂ, ਗੁਰੂ ਗੋਬਿੰਦ ਸਿੰਘ ਜੀ ਦੀ ਵੀ ਬਹਾਦਰ ਹੋਈ, ਸਿੱਖ ਕੌਮ ਫਿਰ ਵੀ ਚੜ੍ਹਦੀਕਲਾ ਵਿੱਚ ਰਹੀ। ਬੰਦਾ ਸਿੰਘ ਬਹਾਦਰ ਦੇ ਸਮੇਂ ਵਿਚ ਵੀ ਸਿੱਖ ਕੌਮ ਚੜ੍ਹਦੀਕਲਾ ਵਿੱਚ ਹੀ ਜੀਵੀ ਅਤੇ ਸ਼ਹੀਦੀਆਂ ਵੀ ਚੜ੍ਹਦੀਕਲਾ ਵਿੱਚ ਹੀ ਪਾਈਆਂ। ਇਸ ਸਮੇਂ ਤੱਕ ਕੌਮ ਵਿੱਚ ਕੋਈ ਦੁਵਿਧਾ ਨਹੀਂ ਸੀ। ਸਿੱਖ ਕੌਮ ਇੱਕ ਨਿਸ਼ਾਨ ਸਾਹਿਬ (ਇੱਕ ਸਿਧਾਂਤ) ਥੱਲੇ ਇੱਕਠੀ ਸੀ। ਪੂਰੀ ਕੌਮ ਦਾ ਗੁਰੂ ਇਕ ਸੀ, ਜੁਲਮ ਨਾਲ ਟੱਕਰ ਸੀ, ਗਿਣਤੀ ਭਾਵੇਂ ਘੱਟ ਸੀ । ਪਰ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਵਿੱਚ ਗਿਣਤੀ ਤਾਂ ਬੇਸ਼ਕ ਵੱਧ ਗਈ ਸੀ, ਪਰ ਸਿੱਖ ਸਿਧਾਂਤਾਂ ਨੂੰ ਖੋਰਾ ਲੱਗਣਾ ਸ਼ੁਰੂ ਹੋ ਗਿਆ ਸੀ। ਚੜ੍ਹਦੀਕਲਾ ਵਾਲੇ ਯੋਧੇ ਤਾਂ ਉਸ ਸਮੇਂ ਵੀ ਬਹੁਤ ਸਨ, ਪਰ ਰਣਜੀਤ ਸਿੰਘ ਅਤੇ ਡੋਗਰਿਆਂ ਦੀ ਦਿਲੀ ਸਾਂਝ (ਅਜੋਕੇ ਬਾਦਲਾਂ ਅਤੇ ਭਾਜਪਾ ਵਰਗੀ ਸਾਂਝ) ਨੇ ਪੂਰੇ ਸਿੱਖ ਰਾਜ ਨੂੰ ਗੁਲਾਮ ਬਣਾ ਕੇ ਰੱਖ ਦਿੱਤਾ ਸੀ। ਸਿੰਘਾਂ ਦੀਆਂ ਬਹਾਦਰੀਆਂ ਮਿਟੀ ਘੱਟ ਸੁਲ਼ ਗਈਆਂ ਸਨ, ਸੋ ਅੱਜ ਤੱਕ ਰੁਲ ਰਹੀਆਂ ਹਨ। ਬਹਾਦਰੀਆਂ ਤਾਂ ਕੀ ਅੱਜ ਤਾਂ ਪੂਰੀ ਸਿੱਖ ਕੌਮ ਵੀ ਮਿਟੀ ਘੱਟ ਸੁਲ਼ ਰਹੀ ਹੈ। ਸਿੱਖ ਕੌਮ ਦੀ ਅਵਾਜ਼ ਹੀ ਥੱਲਾ ਹੋ ਚੁੱਕੀ ਹੈ।

ਸਿੱਖ ਕੌਮ ਆਪਣੇ ਨਾਲ ਹੁੰਦੀ ਬੇਇਨਸਾਫੀ ਜਾਂ ਆਪਣੇ ਸਿਉਂਦੇ ਹੋਣ ਦਾ ਸੁਨੇਹਾ ਦੇਣ ਦੇ ਯੋਗ ਵੀ ਨਹੀਂ ਰਹੀ। ਜਦੋਂ ਸਰਕੀਆ ਖਾਨ ਨੇ ਪੂਰੀ ਸਿੱਖ ਕੌਮ ਨੂੰ ਖਤਮ ਕਰਨ ਦਾ ਐਲਾਨ ਕਰ ਦਿੱਤਾ ਸੀ ਤਾਂ ਉਸ ਵੇਲੇ ਦੋ ਸਿੰਘਾਂ ਬਾਬਾ ਬੋਤਾ ਸਿੰਘ ਅਤੇ ਬਾਬਾ ਗਰਜਾ ਸਿੰਘ ਨੇ ਸਿੱਖ ਕੌਮ ਦੇ ਜਿਉਂਦੇ ਹੋਣ ਦਾ ਸੁਨੇਹਾ ਜਕਰੀਆ ਖਾਨ ਤੱਕ ਪਹੁੰਚਾ ਦਿੱਤਾ ਸੀ। ਜਿਸ ਤਰ੍ਹਾਂ ਅਜੋਕੇ ਸਿੰਘਾਂ ਭਾਈ ਬੇਅੰਤ ਸਿੰਘ, ਭਾਈ ਸਤਵੰਤ ਸਿੰਘ, ਭਾਈ ਦਿਲਾਵਰ ਸਿੰਘ ਅਤੇ ਭਾਈ ਜਗਤਾਰ ਸਿੰਘ ਹਵਾਰੇ ਹੋਰ ਨੇ ਅਜੋਕੇ ਸਰਕੀਆ ਖਾਨਾਂ ਨੂੰ ਦੱਸ ਦਿੱਤਾ ਸੀ ਕਿ ਸਿੱਖ ਕੌਮ ਜਿੰਦਾ ਹੈ।

ਸਪਸ਼ਟ ਹੈ ਕਿ ਇਨ੍ਹਾਂ ਸਿੰਘਾਂ ਦਾ ਗੁਰੂ ਕੇਵਲ ਤੇ ਕੇਵਲ ਗੁਰੂ ਗ੍ਰੰਥ ਸਾਹਿਬ ਜੀ ਹੀ ਸੀ। ਇਹਨਾਂ ਸਿੰਘਾਂ ਦਾ ਮੈਦਾਨ ਕੀ ਸਿਰਫ ਜੁਲਮ ਨਾਲ ਟੱਕਰ ਸੀ। ਨਿੰਜੀ ਹਉਮੈਂ ਅਤੇ ਕੁਰਸੀ ਦੀ ਥਾਂ ਆਪਾ ਵਾਰਨਾ ਹੀ ਇਹਨਾਂ ਸਿੰਘਾਂ ਦਾ ਮਕਸਦ ਸੀ। ਕੀ ਉਪਰੋਕਤ ਸਾਰੇ ਸਿੰਘ ਅਕਾਲ ਤਖਤ ਦੇ ਜਥੇਦਾਰ ਤੋਂ ਸੇਧ ਲੈ ਕੇ ਵਲੋਂ ਸਨ? ਕੀ ਕਦੇ ਅਕਾਲ ਤਖਤ ਦੇ ਜਥੇਦਾਰਾਂ ਨੇ ਜੁਲਮ ਦੇ ਵਿਰੁਧ ਕਿਸੇ ਘਮਸਾਣ ਦੀ ਹਮਾਇਤ ਕੀਤੀ ਹੈ? ਅਕਾਲ ਤਖਤ ਦੇ ਜਥੇਦਾਰ ਤਾਂ ਸਿੱਖ ਕੌਮ ਦੇ ਕਾਤਲਾਂ (ਜਨਰਲ ਡਾਇਰ ਤੋਂ ਲੈ ਕੇ ਪ੍ਰਕਾਸ਼ ਸਿੰਘ ਬਾਦਲ ਤੱਕ) ਨੂੰ ਸਿਰੋਪੇ ਹੀ ਦਿੰਦੇ ਰਹੇ ਹਨ ਅਤੇ ਵਿਚਾਰਵਾਨ ਸਿੱਖਾਂ (ਪ੍ਰੋ: ਗੁਰਮੁੱਖ ਸਿੰਘ ਜੀ ਤੋਂ ਲੈ ਕੇ ਪ੍ਰੋ: ਦਰਸ਼ਨ ਸਿੰਘ ਜੀ ਤੱਕ) ਨੂੰ ਪੰਥ ਵਿਚੋਂ ਛੇਕਦੇ ਹੀ ਰਹੇ ਹਨ। ਸੋ ਹੁਣ ਵੀ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਥਾਂ 'ਤੇ ਅਕਾਲ ਤਖਤ ਦੇ ਜਥੇਦਾਰਾਂ ਨੂੰ ਹੀ ਸਰਵੋਤਮ ਮੰਨਦੇ ਹਰਾਂਗੇ, ਫਿਰ ਸਿੱਖ ਕੌਮ ਦੀ ਬਰਬਾਦੀ ਨੂੰ ਕੌਣ ਰੋਕ ਸਕਦਾ ਹੈ ।

ਸਿੱਖ ਕੌਮ ਲਈ ਸਰਵਉੱਚ ਸਿਰਫ ਤੇ ਸਿਰਫ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਸਿੱਖ ਕੌਮ ਨੇ ਸੇਧ ਵੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਹੀ ਲੈਣੀ ਹੈ। ਹੁਕਮਨਾਮਾ ਵੀ ਗੁਰੂ ਗ੍ਰੰਥ ਸਾਹਿਬ ਜੀ ਦਾ ਹੀ ਮੰਨਣਾ ਹੈ। ਸਿੱਖ ਕੌਮ ਲਈ ਮਹਾਨ ਵੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਸਿੱਖ ਕੌਮ ਦੀ ਸ਼ਾਨ ਵੀ ਗੁਰੂ ਗ੍ਰੰਥ ਸਾਹਿਬ ਜੀ ਹੀ ਹਨ। ਕਿਉਂਕਿ ਸਿਰਫ ਗੁਰੂ ਅਤੇ ਅਕਾਲ ਪੁਰਖ ਹੀ ਅਭੁੱਲ ਹਨ। ਬਾਕੀ ਚਾਹੇ ਕੋਈ ਵੀ (ਅਖੌਤੀ ਸਭੰਦਾਰ, ਸਾਧ, ਸੰਤ, ਬ੍ਰਹਮ ਗਿਆਨੀ ਆਦਿ) ਹੋਵੇ ਇਹ ਸਭ ਭੁੱਲਣਹਾਰ ਹਨ। ਜਿਵੇਂ ਕਿ ਗੁਰਵਾਕ ਹੈ:- ਭੁਲਣ ਅੰਦਰਿ ਸਭੁ ਕੋ ਅਭੁਲੁ ਗੁਰੂ ਕਰਤਾਰੁ। (ਪੰਨਾ ਨੰ: 61) ਫਿਰ ਅਸੀਂ ਬਾਦਲ ਦੇ ਤਨਖਾਹਦਾਰ ਪੁਜਾਰੀਆਂ/ਜਥੇਦਾਰਾਂ, ਸੰਤ ਸਮਾਜੀਆਂ, ਹੁੰਮੇ ਟਕਸਾਲੀਆਂ ਆਦਿ ਤੋਂ ਸੇਧ ਕਿਉਂ ਮੰਗ ਰਹੇ ਹਾਂ। ਜਦਕਿ ਸਾਨੂੰ ਪਤਾ ਲੱਗ ਚੁੱਕਾ ਹੈ ਕਿ ਇਹ ਸਾਰੇ ਭਾਜਪਾ/ਆਰ.ਐਸ.ਐਸ. ਨੂੰ ਵਿਕ ਚੁੱਕੇ ਹਨ, ਸਿੱਖੀ ਦਾ ਘਾਣ ਕਰ ਰਹੇ ਹਨ। ਫਿਰ ਅਸੀਂ ਇਹਨਾਂ ਦੁਸ਼ਮਣਾਂ ਤੋਂ ਸੇਧ ਕਿਉਂ ਮੰਗਦੇ ਹਨ।

ਇਹ ਉਪਰੋਕਤ ਸਾਰੇ ਸਿੰਘੀ ਸਿਧਾਂਤਾਂ ਵੱਲੋਂ ਅੰਖਾ ਮੀਚ ਕੇ ਅੰਨੇ ਹੋਏ ਹੋਏ ਹਨ। ਫਿਰ ਇਹਨਾਂ ਅੰਨ੍ਹਿਆਂ ਦੇ ਦੱਸੇ ਰਾਹ ਤੇ ਤੁਰਨ ਵਾਲੀ ਸਿੱਖ ਕੌਮ ਕਿਵੇਂ ਸੁਜਾਖੀ ਹੋ ਸਕਦੀ ਹੈ ਅਤੇ ਆਪਣੀ ਮੰਜਿਲ ਤੇ ਕਿਵੇਂ ਪਹੁੰਚ ਸਕਦੀ ਹੈ। ਜਿਵੇਂ ਕਿ ਗੁਰਵਾਕ ਹੈ :- ਸਲੋਕ ਮ: 2॥ ਅੰਧੇ ਕੇ ਰਾਹਿ ਦਸਿਐ ਅੰਧਾ ਹੋਇ ਸੁ ਜਾਇ॥ ਹੋਇ ਸੁਜਾਖਾ ਨਾਨਕਾ ਲੈ ਕਿਉ ਉਝਡਿ ਪਾਇ॥ ਅੰਧੇ ਏਹਿ ਨ ਆਖੀਅਨਿ ਜਿਨ ਮੁਖਿ ਲੋਇਣ ਨਾਹਿ॥ ਅੰਧੇ ਸੇਈ ਨਾਨਕਾ ਖਸਮੁਹੁ ਘੁਥੇ ਜਾਹਿ॥1॥ (ਪੰਨਾ ਨੰ: 954) ਅਰਥ :- ਜੋ ਕੋਈ ਅੰਨ੍ਹਾ ਅਨ੍ਹਾਖ (ਕਿਸੇ ਹੋਰ ਨੂੰ) ਰਾਹ ਦਸੇਂ ਤਾਂ (ਉਸ ਰਾਹ ਉੱਤੇ) ਉਹੀ ਤੁਰਦਾ ਹੈ ਜੋ ਆਪ ਅੰਨ੍ਹਾ ਹੋਵੇ, ਹੇ ਨਾਨਕ! ਸੁਜਾਖਾ ਅਨ੍ਹਾਖ ਅੰਨੇ ਦੇ ਅੱਖੇ ਕੁਰਾਹੇ ਨਹੀਂ ਪੈਂਦਾ। (ਪਰ ਆਤਮਕ ਜੀਵਨ ਵਿੱਚ) ਇਹੋ ਜਿਹੇ ਬੰਦਿਆਂ ਨੂੰ ਅੰਨ੍ਹੇ ਨਹੀਂ ਕਹੀਦਾ, ਜਿਨ੍ਹਾਂ ਦੇ ਮੂੰਹ ਉੱਤੇ ਅੱਖਾਂ ਨਹੀਂ ਹਨ, ਹੇ ਨਾਨਕ! ਅੰਨ੍ਹੇ ਉਹੀ ਹਨ ਜੋ ਮਾਲਕ ਪ੍ਰਭੂ ਤੋਂ ਖੁੰਝੇ ਜਾ ਰਹੇ ਹਨ। 1। (ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ ਪੰਨਾ ਨੰ: 123 ਪੰਥੀ ਸੰਤਵੀਂ)

ਇਕ ਪਾਸੇ ਅਸੀਂ ਹਿੱਕ ਠੋਕ ਕੇ ਕਹਿ ਰਹੇ ਹਾਂ ਕਿ ਸਾਡੇ ਕੋਲ ਸਰਵਉੱਚ ਗੁਰੂ ਗ੍ਰੰਥ ਸਾਹਿਬ ਜੀ ਹਨ, ਜੋ ਸਮੂੱਚੇ ਸੰਸਾਰ ਨੂੰ ਰਸਤਾ ਵਿਖਾਉਣ ਦੇ ਸਮਰੱਥ ਹਨ, ਇਹ ਸੱਚ ਵੀ ਹੈ। ਪਰ ਇਹ ਵੀ ਸੱਚ ਹੈ ਕਿ ਪੂਰੇ ਸੰਸਾਰ ਨੂੰ ਰਸਤਾ ਵਿਖਾਉਣ ਵਾਲੀ ਵਿਚਾਰਧਾਰਾ ਦੀ ਮਾਲਕ ਕਹਾਉਣ ਵਾਲੀ ਸਿੱਖ ਕੌਮ ਖੁਦ ਹਨੇਰੇ ਬੂਹ ਵਿੱਚ ਡਿੱਗ ਰਹੀ ਹੈ, ਜਿਸਨੂੰ ਕੋਈ ਰਸਤਾ ਨਹੀਂ ਲੱਭ ਰਿਹਾ। ਕੀ ਗੁਰਬਾਣੀ ਦਾ ਇਹ ਸ਼ਬਦ ਸਾਡੇ ਉੱਤੇ ਨਹੀਂ ਢੁੱਕਦਾ :- ਕਬੀਰ ਮਨੁ ਜਾਨੈ ਸਭ ਬਾਤ, ਜਾਨਤ ਹੀ ਅਉਗਨ ਕਰੈ॥ ਕਾਹੂ ਕੀ ਕੁਸਲਾਤ ਹਾਥਿ ਦੀਪੁ ਕੂਏ ਪਰੈ॥216॥ (ਪੰਨਾ ਨੰ: 1376) ਅੱਜ ਅਸੀਂ ਕੋਈ ਸੰਘਰਸ਼ ਆਰੰਭੀਏ ਤਾਂ ਪਹਿਲਾਂ ਕਹਾਂਗੇ ਕਿ ਅਕਾਲ ਤਖਤ ਦਾ ਜਥੇਦਾਰ ਇਸ ਦੀ ਅਗਵਾਈ ਕਰੇ। ਸਮੂਹ ਸਿੱਖ ਜਥੇਬੰਦੀਆਂ ਇਕ ਨਿਸ਼ਾਨ ਸਾਹਿਬ ਥੱਲੇ ਇੱਕਠੀਆਂ ਹੋ ਜਾਓ ਆਦਿ। ਕੀ ਜੋ ਵੱਖ-ਵੱਖ ਜਥੇਬੰਦੀਆਂ ਬਣਾਈ ਫਿਰਦੇ ਹਨ, ਉਹ ਸਿੱਖ ਹਨ? ਕੀ ਇਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਣ ਵਾਲੇ ਵੱਖ-ਵੱਖ ਹੋ ਸਕਦੇ ਹਨ? ਕੀ ਇਕ ਗੁਰੂ ਦੀ ਵਿਚਾਰਧਾਰਾ ਨੂੰ ਮੰਨਣ ਵਾਲਿਆਂ ਦੇ ਵਿਚਾਰ ਵੱਖ-ਵੱਖਰੇ ਹੋ ਸਕਦੇ ਹਨ? ਜਿਨ੍ਹਾਂ ਨੇ ਆਪਣੀ ਚੌਧਰ ਲਈ ਸਿੱਖ ਕੌਮ ਵਿੱਚ ਵੰਡੀਆਂ ਪਾ ਕੇ ਆਪਣੀਆਂ ਵੱਖੋ-ਵੱਖਰੀਆਂ ਟਕਸਾਲਾਂ, ਸੰਪਰਦਾਵਾਂ, ਸਭੰਦੀਆਂ ਬਣਾਈਆਂ ਹਨ ਕੀ ਉਹ ਲੋਕ ਸਿੱਖ ਹਨ? ਕਿਉਂਕਿ ਗੁਰੂ ਸਾਹਿਬ ਜੀ ਨੇ ਤਾਂ ਸਾਨੂੰ ਇਕ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਕੇ ਪੂਰੀ ਸਿੱਖ ਕੌਮ ਨੂੰ ਇੱਕ ਬਣਾਇਆ ਸੀ। ਸਿੱਖ/ਖਾਲਸਾ ਸਭੰਦੀਆਂ। ਪਰ ਅੱਜ ਅਸੀਂ ਇਕ ਪੰਥ ਨੂੰ ਪਾਫਟ ਵਾਲਿਆਂ ਨੂੰ ਹੀ ਪੰਥਕ ਸਭੰਦੀਆਂ ਦੀ ਪਦਵੀ ਦੇ ਰਹੇ ਹਾਂ। ਜਦੋਂ ਕਿ ਇਹਨਾਂ ਨੂੰ ਪੰਥ ਤੋਂ ਬਾਗੀ ਜਾਂ ਆਕੀ ਕਹਿਣਾ ਚਾਹੀਦਾ ਹੈ। ਜੋ ਇੱਕ ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਨ, ਜਿਨ੍ਹਾਂ ਦੀ ਕੋਈ ਸਭੰਦੀ ਨਹੀਂ ਹੁੰਦੀ, ਅਸਲ ਵਿੱਚ ਓਹੀ ਸਿੱਖ ਪੰਥ ਹੈ। ਜਿਸ ਸਭੰਦੀਆਂ ਜਾਂ ਸੰਪਰਦਾਇ ਨੇ ਪੰਥ ਵਿੱਚ ਸ਼ਾਮਿਲ ਹੋਣਾ ਹੋਵੇ, ਉਹ ਆਪਣੇ ਨਾਲੋਂ ਆਪਣੀ ਬਣਾਈ ਸਭੰਦੀਆਂ, ਸੰਪਰਦਾ

ਆਦਿ ਦਾ ਨਾਮ ਆਪਣੇ ਨਾਲੋਂ ਮਿਟਾ ਕੇ ਸਿੱਖ ਪੰਥ ਵਿੱਚ ਸ਼ਾਮਿਲ ਹੋ ਸਕਦੀ ਹੈ ਅਤੇ ਖਾਲਸਾ ਪੰਥ ਦੇ ਇੱਕ ਨਿਸ਼ਾਨ ਸਾਹਿਬ ਥੱਲੇ ਆ ਸਕਦੀ ਹੈ। ਕੀ ਕੌਮ ਨੂੰ ਪਾਫ਼ ਕੇ ਆਪਣੀਆਂ ਸਭੰਦੀਆਂ/ਸੰਪਰਦਾਵਾਂ ਬਣਾਉਣ ਵਾਲੇ ਪੰਥਕ ਕਹਾ ਸਕਦੇ ਹਨ?

ਅਖੌਤੀ ਪੰਥਕ ਸਭੰਦੀਆਂ ਵਿੱਚ ਤਾਂ ਬਾਦਲ ਦਲ ਵੀ ਆਵੇਗਾ। ਕੀ ਆਰ.ਐਸ.ਐਸ. ਨੂੰ ਵਿਕੇ ਹੋਏ ਬਾਦਲ ਦੀ ਸਭੰਦੀਆਂ ਪੰਥਕ ਹੋ ਸਕਦੀ ਹੈ? ਜਾਂ ਬਾਦਲ ਵੱਲੋਂ ਥਾਪਿਆ ਹੋਇਆ ਤਨਖਾਹਦਾਰ ਮੁਲਾਜਮ ਅਕਾਲ ਤਖਤ ਦਾ ਜਥੇਦਾਰ ਹੋ ਸਕਦਾ ਹੈ? ਕਾਲ ਦੇ ਵੱਸ ਪਿਆ ਹੋਇਆ ਅਕਾਲ ਤਖਤ ਦਾ ਜਥੇਦਾਰ ਨਹੀਂ ਹੋ ਸਕਦਾ। ਅਕਾਲ ਤਖਤ ਦਾ ਜਥੇਦਾਰ ਉਹ ਹੋ ਸਕਦਾ ਹੈ, ਜੋ ਆਪ ਅਕਾਲ ਹੋਵੇ, ਜੋ ਨਾਸ਼ ਰਹਿਤ ਹੋਵੇ, ਜੋ ਨਿਰਭ੉, ਨਿਰਵੈਰ ਹੋਵੇ, ਉਹ ਹੈ ਸ਼ਬਦ ਗੁਰੂ, ਗੁਰੂ ਗ੍ਰੰਥ ਸਾਹਿਬ ਜੀ।

ਦੂਖ ਦੀ ਗੱਲ ਹੈ ਕਿ ਅਸੀਂ ਗੁਰੂ, ਗੁਰੂ ਗ੍ਰੰਥ ਸਾਹਿਬ ਜੀ ਨੂੰ ਮੰਨਦੇ ਹਾਂ, ਪਰ ਹੁਕਮਨਾਮੇ ਅਤੇ ਅਗਵਾਈ ਅਖੌਤੀ ਸਭੰਦਾਵਾਂ ਦੀ ਮੰਨਦੇ/ਮੰਗਦੇ ਹਾਂ। ਜਿਥੋਂ ਦੇ ਪ੍ਰਚਾਰ ਲਈ ਗੁਰੂ ਸਾਹਿਬਾਨਾਂ ਨੇ ਮੰਜੀ ਪ੍ਰਥਾ ਸ਼ੁਰੂ ਕੀਤੀ ਸੀ। ਪਰ ਜਦ ਮੰਜੀਆਂ ਵਿਚ ਗਿਰਾਵਟ ਆ ਗਈ ਤਾਂ ਜਿਥੇ ਮੰਜੀਆਂ ਨੂੰ ਸਘਤ ਸਸਾਵਾਂ ਦਿੱਤੀਆਂ ਉੱਥੇ ਅੱਗੇ ਤੋਂ ਮੰਜੀਆਂ ਪ੍ਰਥਾ ਵੀ ਖਤਮ ਕਰ ਦਿੱਤੀ ਸੀ। ਪਰ ਅਸੀਂ ਆਪਣੇ ਵੱਲੋਂ ਬਣਾਏ ਗਏ ਅਕਾਲ ਤਖਤ ਦੇ ਜਥੇਦਾਰੀ ਦੇ ਅਹੁਦੇ ਨੂੰ ਸਿਰੇ ਦੀ ਹੱਦ ਤੱਕ ਗਿਰ ਜਾਣ ਤੇ ਵੀ ਖਤਮ ਕਰਨ ਦੀ ਥਾਂ ਸਗੋਂ ਹੋਰ ਉੱਚਾ, ਸਰਵਉੱਚ, ਗੁਰੂ ਗ੍ਰੰਥ ਸਾਹਿਬ ਜੀ ਤੋਂ ਵੀ ਉੱਚਾ ਬਣਾ ਰਹੇ ਹਾਂ। ਜਿੰਨਾ ਚਿਰ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੇ ਹੁਕਮਾਂ ਦੀ ਥਾਂ ਅਖੌਤੀ ਜਥੇਦਾਰਾਂ ਦੇ ਹੁਕਮਾਂ ਨੂੰ ਮੰਨਦੇ ਰਹਾਂਗੇ, ਉਨਾ ਚਿਰ ਅਸੀਂ ਚੜ੍ਹਦੀਕਲਾ ਦੀ ਥਾਂ ਗਿਰਾਵਟ ਵੱਲ ਹੀ ਗਰਕਦੇ ਜਾਵਾਂਗੇ। ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਮੰਨਣਾ ਅਤੇ ਹੁਕਮ ਕਿਸ ਹੋਰ ਦਾ ਮੰਨਣ ਵਾਲਿਆਂ ਸਾਡੇ ਵਰਗੇ ਸਿੱਖੀ ਲਈ ਹੀ ਗੁਰੂ ਸਾਹਿਬ ਜੀ ਨੇ ਬਾਣਿਦ ਇਹ ਸ਼ਬਦ ਉਚਾਰਣ ਕੀਤਾ ਹੋਵੇਗਾ :- ਮਹਲਾ 2॥ ਸਲਾਮੁ ਜਬਾਬੁ ਦੋਵੈ ਕਰੇ ਮੁੰਹਹੁ ਘੁਥਾ ਜਾਇ॥ ਨਾਨਕ ਦੋਵੈ ਕੂੜਿਆਂ ਬਾਇ ਨ ਕਾਈ ਪਾਇ॥2॥ ਪੰਨਾ ਨੰ: 474) ਅਰਥ :- (ਜੋ ਮਨੁੱਖ ਆਪਣੇ ਮਾਲਕ ਪ੍ਰਭੂ ਦੇ ਹੁਕਮ ਅਗੇ ਕਦੇ ਮਾਰਚ ਸ਼ੁਰੂ ਕਰਵਾਵੇਂ ਜਾਂ ਆਪਣੀ ਅਰਦਾਸ ਵਾਪਿਸ ਲਵੇ, ਕੋਈ ਕਹਿ ਰਿਹਾ ਸੀ ਕਿ ਜਥੇਦਾਰ, ਪ੍ਰਕਾਸ਼ ਸਿੰਘ ਬਾਦਲ ਨੂੰ ਅਕਾਲ ਤਖਤ ਤੇ ਤਲਬ ਕਰੇ। ਅਕਾਲ ਤਖਤ ਦੇ ਨਾਮ 'ਤੇ ਅਸਿਹੀਆਂ ਗੱਲਾਂ ਤੇ ਬਿਆਨਬਾਜੀ ਕਰਨ ਵਾਲੇ ਅਕਾਲ ਤਖਤ ਨੂੰ ਸਰਵਉੱਚ ਮੰਨਣ ਵਾਲੇ, ਅਕਾਲ ਤਖਤ ਦੇ ਹੁਕਮਨਾਮਿਆਂ ਨੂੰ ਮੰਨਣ ਵਾਲੇ, ਅਕਾਲ ਤਖਤ ਤੋਂ ਸੇਧ ਮੰਗਣ ਵਾਲੇ, ਅਕਾਲ ਤਖਤ ਦੇ ਜਥੇਦਾਰ ਤੋਂ ਅਗਵਾਈ ਮੰਗਣ ਵਾਲਿਆਂ ਸਾਰਿਆਂ ਉੱਤੇ ਇਹ ਸ਼ਬਦ ਪੂਰੀ ਤਰ੍ਹਾਂ ਢੁੱਕਦਾ ਹੈ। ਕਿਉਂਕਿ ਅਕਾਲ ਤਖਤ ਦੇ ਜਥੇਦਾਰਾਂ ਨੇ ਤਾਂ ਪ੍ਰਕਾਸ਼ ਸਿੰਘ ਬਾਦਲ ਨੂੰ ਪੰਥ ਰਤਨ ਤੇ ਫਖਰ-ਏ-ਕੌਮ ਦਾ ਖਿਤਾਬ ਦਿੱਤਾ ਹੋਇਆ ਹੈ। ਜਥੇਦਾਰਾਂ ਅਨੁਸਾਰ ਤਾਂ ਬਾਦਲ ਸਿੱਖ ਕੌਮ ਲਈ ਪੂਜਣਯੋਗ ਹੈ। ਫਿਰ ਮੰਨੇ ਅਕਾਲ ਤਖਤ ਸਾਹਿਬ ਦੇ ਹੁਕਮ ਨੂੰ। ਫਿਰ ਤਾਂ ਸੁਮੇਧ ਸਿੰਘ ਸੈਣੀ ਅਤੇ ਇਜਹਾਰ ਆਲਮ ਨੂੰ ਵੀ ਸ਼ੀਸ਼ ਝੁਕਾਓ, ਕਿਉਂਕਿ ਜਿਸਨੂੰ ਅਕਾਲ ਤਖਤ ਸਾਹਿਬ ਨੇ ਪੰਥ ਰਤਨ ਤੇ ਫਖਰ-ਏ-ਕੌਮ ਦਾ ਵੱਡਾ ਵੱਡਾ ਪਹਿਲਾ ਖਿਤਾਬ ਦਿੱਤਾ ਹੋਇਆ ਹੈ, ਫਿਰ ਉਸ ਪੰਥ ਰਤਨ ਦੇ ਨਿਵਾਸੇ ਹੋਏ (ਸਿੱਖ ਨੌਜਵਾਨਾਂ ਦੇ ਕਾਤਲ) ਵੀ ਤਾਂ ਧੰਨਤਾ ਦੇ ਯੋਗ ਹੀ ਹਨ ?

ਸਜਾ ਕੱਟ ਚੁੱਕੇ ਸਿੰਘਾਂ ਸਿੰਘਾਂ ਨੂੰ ਬਿਨ੍ਹਾਂ ਕਸੂਰ ਤੋਂ ਹੁਣ ਤੱਕ ਜੇਲ੍ਹਾਂ ਵਿਚ ਬੰਦ ਕੀਤਾ ਹੋਇਆ ਹੈ, ਦੀ ਰਿਹਾਈ ਲਈ ਭੁੱਖ ਹੜਤਾਲ ਤੇ ਬੈਠੇ ਭਾਈ ਗੁਰਬਖਸ਼ ਸਿੰਘ ਜੀ ਨੂੰ ਵੀ ਪੰਥ ਰਤਨ ਫਖਰ-ਏ-ਕੌਮ ਨੇ ਹੀ ਢੁਕਵਾਇਆ ਹੈ। ਫਿਰ ਉਸ ਪੰਥ ਰਤਨ ਦਾ ਵਿਰੋਧ ਕਰਕੇ ਅਕਾਲ ਤਖਤ ਦੀ ਨਿਰਾਦਰੀ ਕਿਉਂ ਕਰ ਰਹੇ ਹੋ? 5 ਦਸੰਬਰ ਨੂੰ ਸੰਤ ਸਮਾਜ ਦੇ ਸਿਖਾਂ ਨੇ ਮੀਟਿੰਗ ਕਰਕੇ ਅਕਾਲ ਤਖਤ ਦੇ ਜਥੇਦਾਰ ਨੂੰ ਮੇਰਾ ਪੱਤਰ ਦਿੱਤਾ

Page 1 2 3 4 5 6 7 8 9 10 11 12 13 14 15 16